# ਰਿਵਾਈਜ਼ਿੰਗ ਅਥਾਰਟੀ 38 ਮਾਨਸਾ ਗੁਰਦੁਆਰਾ ਬੋਰਡ
## ਚੋਣ ਹਲਕਾ-ਕਮ ਉਪ ਮੰਡਲ ਮੈਜਿਸਟਰੇਟ, ਮਾਨਸਾ

ਜ਼ਿੰਮੇਵਾਰ ਬਣੋ, ਵੋਟਰ ਬਣੋ

Email:- ero-mansa@punjabmail.gov.in


ਪੱਤਰ ਨੰ: 292
ਮਿਤੀ- 08.11.2023

**ਦਫਤਰੀ ਹੁਕਮ**

ਗੁਰਦੁਆਰਾ ਚੋਣ ਕਮਿਸ਼ਨਰ ਪੰਜਾਬ ਜੀ ਦੀਆ ਹਦਾਇਤਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾ ਲਈ ਮਿਤੀ 21-10-2023 ਤੋਂ 15-11-2023 ਤੱਕ ਯੋਗ ਵੋਟਰਾਂ ਪਾਸੋਂ ਫਾਰਮ ਪ੍ਰਾਪਤ ਕੀਤੇ ਜਾਣੇ ਹਨ। ਇਸ ਦਫਤਰ ਦੇ ਪਤੱਰ ਨੰ 285 ਮਿਤੀ 03.11.2023 ਅਤੇ ਪੱਤਰ ਨੰ: 286-88 ਮਿਤੀ 03.11.2023 ਦੀ ਲਗਾਤਾਰਤਾ ਵਿੱਚ ਇਹ ਹੁਕਮ ਜਾਰੀ ਕੀਤਾ ਜਾਦਾ ਹੈ। ਸਮੂਹ ਬੀ.ਐਲ.ਓਜ਼. ਦੀ ਡਿਊਟੀ ਗੁਰਦੁਆਰਾ ਚੋਣਾ ਦੇ ਫਾਰਮ ਪ੍ਰਾਪਤ ਕਰਨ ਲਈ ਲਗਾਈ ਜਾਂਦੀ ਹੈ। ਸਮੂਹ ਬੀ.ਐਲ.ਓਜ. ਮਿਤੀ 09.11.2023 ਦਿਨ ਵੀਰਵਾਰ ਅਤੇ ਮਿਤੀ 10.11.2023 ਦਿਨ ਸ਼ੁਕਰਵਾਰ ਨੂੰ ਸਵੇਰੇ 9:00 ਵਜੇ ਤੋਂ ਸਾਮ 4:00 ਵਜੇ ਤੱਕ ਆਪਣੇ-ਆਪਣੇ ਬੂਥਾਂ ਤੇ ਬੈਠਕੇ ਫਾਰਮ ਨੰ 3(1) ਪ੍ਰਾਪਤ ਕਰਨਗੇ। ਫਾਰਮ ਪ੍ਰਾਪਤ ਕਰਨ ਉਪਰੰਤ ਸਬੰਧਤ ਨਗਰ ਕੌਂਸਲ ਦਫਤਰ ਅਤੇ ਸਬੰਧਤ ਪਟਵਾਰੀਆ ਪਾਸ ਤੁਰੰਤ ਜਮਾ ਕਰਵਾਉਣਾ ਯਕੀਨੀ ਬਣਾਉਣਗੇ।

<u>ਇਹ ਹੁਕਮ ਤੁਰੰਤ ਲਾਗੂ ਹੋਣਗੇ</u>

ਰਿਵਾਈਜ਼ਿੰਗ ਅਥਾਰਟੀ-38
ਗੁਰਦੁਆਰਾ ਬੋਰਡ ਚੋਣ ਹਲਕਾ
ਉਪ ਮੰਡਲ ਮੈਜਿਸਟਰੇਟ, ਮਾਨਸਾ।

ਪਿੱਠ ਅੰਕਣ ਨੰ: ਚੋਣ-2023/293-301 ਮਿਤੀ: 08.11.2023

ਉਪਰੋਕਤ ਦਾ ਉਤਾਰਾ

1 ਮਾਨਯੋਗ ਡਿਪਟੀ ਕਮਿਸ਼ਨਰ, ਮਾਨਸਾ ਜੀ ਪਾਸ ਸੂਚਨਾ ਹਿੱਤ।

2 ਸਮੂਹ ਸਹਾਇਕ ਰਿਵਾਈਜਿੰਗ ਅਥਾਰਟੀ ਪਾਸ ਭੇਜ ਕੇ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।

3 ਬਲਾਕ ਪੰਚਾਇਤ ਅਫਸਰ ਮਾਨਸਾ ਅਤੇ ਭੀਖੀ ਪਾਸ ਭੇਜ ਕੇ ਲਿਖਿਆ ਜਾਦਾ ਹੈ ਕਿ ਆਪਦੇ ਅਧੀਨ ਆਉਂਦੇ ਪਿੰਡਾ ਵਿੱਚ SGPC ਦੀਆਂ ਵੋਟਾਂ ਬਣਾਉਣ ਸਬੰਧੀ ਹਰ ਰੋਜ ਮੁਸਤਰੀ ਮੁਨਿਆਦੀ ਕਰਵਾਈ ਜਾਵੇ।

4 ਕਾਰਜ ਸਾਧਕ ਅਫਸਰ ਨਗਰ ਕੌਂਸਲ ਮਾਨਸਾ ਅਤੇ ਨਗਰ ਪੰਚਾਇਤ ਜੋਗਾ ਪਾਸ ਭੇਜ ਕੇ ਲਿਖਿਆ ਜਾਦਾ ਹੈ ਕਿ ਆਪਦੇ ਅਧੀਨ ਆਉਂਦੇ ਸ਼ਹਿਰਾਂ/ਪਿੰਡਾਂ ਵਿੱਚ SGPC ਦੀਆਂ ਵੋਟਾਂ ਬਣਾਉਣ ਸਬੰਧੀ ਹਰ ਰੋਜ ਮੁਸਤਰੀ ਮੁਨਿਆਦੀ ਕਰਵਾਈ ਜਾਵੇ।

5 ਮੈਨੇਜਰ ਗੁਰਦਵਾਰਾ ਸਾਹਿਬ ਪਾਤਸ਼ਾਹੀ ਨੌਵੀਂ (ਸੂਲੀਸਰ) ਕੋਟ ਧਰਮੂ (ਸਰਦੂਲਗੜ੍ਹ), ਮਲਕਪੁਰ ਖਿਆਲਾ (ਮਾਨਸਾ) ਅਤੇ ਬਰ੍ਹੇ (ਬੁਢਲਾਡਾ) ਪਾਸ ਭੇਜ ਕੇ ਲਿਖਿਆ ਜਾਦਾ ਹੈ ਕਿ ਗੁਰਦਵਾਰਾ ਚੋਣ ਹਲਕਾ 38 ਮਾਨਸਾ ਦੀਆਂ SGPC ਦੀਆਂ ਵੋਟਾਂ ਬਣਾਈਆਂ ਜਾਣੀਆ ਹਨ ਇਸ ਲਈ ਗੁਰਦਵਾਰਾ ਸਾਹਿਬ ਵਿੱਚ ਆ ਰਹੀ ਸੰਗਤ ਨੂੰ ਜਾਗਰੂਕ ਕਰਨ ਲਈ ਭੇਜਿਆ ਜਾਦਾ ਹੈ। ਇਹਨਾ ਵੋਟਾ ਸਬੰਧੀ ਮੁਸਤਰੀ ਮੁਨਿਆਦੀ ਕਰਵਾਈ ਜਾਵੇ।

6 ਜਿਲਾ ਸਿਖਿਆ ਅਫਸਰ ਸੈਕੰਡਰੀ /ਐਲੀਮੈਂਟਰੀ ਮਾਨਸਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਬੀ.ਐਲ.ਓਜ ਨੂੰ ਉਕਤ ਮਿਤੀਆਂ ਨੂੰ ਫਾਰਗ ਕਰ ਦਿੱਤਾ ਜਾਵੇ।

7 ਸਬੰਧਤ ਵਿਭਾਗਾ ਪਾਸ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ ਵਿਭਾਗ ਨਾਲ ਸਬੰਧਤ ਬੀ.ਐਲ.ਓਜ ਨੰ ਉਕਤ ਹੁਕਮਾ ਦੀ ਪਾਲਣਾ ਲਈ ਪਾਬੰਦ ਕੀਤਾ ਜਾਂਵੇ।

ਚੱਲਦਾ ਪੰਨਾ.........

8 ਸਮੂਹ ਸੁਪਰਵਾਈਜਰ ਸਹਿਬਾਨਾਂ ਪਾਸ ਬੀ.ਐਲ.ਓ. ਨੂੰ ਨੋਟ ਕਰਵਾਉਣ ਅਤੇ ਕੈਂਪ ਵਾਲੇ ਦਿਨ ਬੀ.ਐਲ.ਓਜ ਦੀ ਹਾਜਰੀ ਚੈਕ ਕਰਨ ਉਪਰੰਤ ਹਾਜਰੀ ਅਤੇ ਫੋਟੋਆਂ ਗਰੁੱਪ ਵਿੱਚ ਸ਼ੇਅਰ ਕਰਨ ਅਤੇ ਸ਼ਾਮ 5.30 ਵਜੇ ਤੱਕ ਨਿਰਧਾਰਿਤ ਪ੍ਰੋਫਾਰਮੇ ਵਿੱਚ ਰਿਪੋਰਟ ਭੇਜਣੀ ਯਕੀਨੀ ਬਣਾਉਣ।

9 ਸਮੂਹ ਬੀ.ਐਲ.ਓ.ਨੂੰ ਹੁਕਮਾਂ ਦੀ ਪਾਲਣਾ ਹਿੱਤ।

ਰਿਵਾਈਜਿੰਗ ਅਥਾਰਟੀ-38
ਗੁਰਦੁਆਰਾ ਬੋਰਡ ਚੋਣ ਹਲਕਾ
ਉਪ ਮੰਡਲ ਮੈਜਿਸਟਰੇਟ, ਮਾਨਸਾ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਮਾਨਸਾ

ਪਿ: ਅੰ: ਨੰ: ਸੀ-2/1( ) ਤੋਂ/ 2023312852 ਮਿਤੀ 08/11/2023 ਮਾਨਸਾ

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ: ਸਿ)
ਮਾਨਸਾ